
# ਵਾਂਕਾ

ਐਂਤੋਨ ਚੇਖ਼ਵ



www.punjabilibrary.com

# ਵਾਂਕਾ

## ਐਂਤੋਨ ਚੇਖ਼ਵ

ਅਨੁਵਾਦ - ਸੁੱਖਾ ਸਿੰਘ

ਟਾਈਟਲ ਕਵਰ ਅਤੇ ਰੇਖਾਚਿੱਤਰ — ਰਾਮਬਾਬੂ

ਅਨੁਰਾਗ ਟਰੱਸਟ

www.punjabilibrary.com

ਸਾਰੇ ਹੱਕ ਰਾਖਵੇਂ ਹਨ

**ਕੀਮਤ — 15 ਰੁਪਏ**


ਪਹਿਲਾ ਭਾਰਤੀ ਐਡੀਸ਼ਨ (ਹਿੰਦੀ) 2005
ਪਹਿਲਾ ਪੰਜਾਬੀ ਐਡੀਸ਼ਨ **ਅਪ੍ਰੈਲ** 2010

ਪ੍ਰਕਾਸ਼ਕ
**ਅਨੁਰਾਗ ਟਰੱਸਟ**
**ਡੀ**-68, **ਨਿਰਾਲਾਨਗਰ**
**ਲਖਨਊ** - 226020

ਟਾਈਪ ਸੈਟਿੰਗ — ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ।
ਪ੍ਰਿੰਟਰ — ਸੈਂਟੋ ਪ੍ਰੈਸ, ਜੋਸ਼ੀ ਅਸਟੇਟ, ਨੇੜੇ ਰੇਲਵੇ ਲਾਈਨ, ਜਲੰਧਰ।

**www.punjabilibrary.com**

# ਵਾਂਕਾ



ਨੌਂ ਸਾਲ ਦਾ ਵਾਂਕਾ ਝੂਕੋਵ, ਜਿਸ ਨੂੰ ਇੱਥੇ ਤਿੰਨ ਮਹੀਨੇ ਪਹਿਲਾਂ ਅਲਿਆਖਿਨ ਮੋਚੀ ਦੇ ਕੰਮ ਸਿੱਖਣ ਲਈ ਭੇਜਿਆ ਗਿਆ ਸੀ, ਵੱਡੇ ਦਿਨ ਤੋਂ ਠੀਕ ਪਹਿਲਾਂ ਵਾਲੀ ਰਾਤ ਨੂੰ ਸੌਣ ਨਹੀਂ ਗਿਆ। ਉਹ ਉਡੀਕ ਕਰਦਾ ਰਿਹਾ ਅਤੇ ਜਦੋਂ ਉਸ ਦਾ ਮਾਲਿਕ ਅਤੇ ਮਾਲਕਣ ਅਤੇ ਉੱਥੇ ਕੰਮ ਕਰਨ ਵਾਲੇ ਦੂਸਰੇ ਲੋਕ ਗਿਰਜਾਘਰ ਚਲੇ ਗਏ, ਤਾਂ ਉਸ ਨੇ ਮਾਲਿਕ ਦੀ ਅਲਮਾਰੀ ਵਿੱਚੋਂ ਸਿਆਹੀ ਦੀ ਦਵਾਤ ਅਤੇ ਕਲਮ ਕੱਢੀ, ਜਿਸ ਦੀ ਨਿੱਬ ਨੂੰ ਜੰਗ ਲੱਗ ਚੁੱਕਾ ਸੀ; ਉਸ ਨੇ ਇਕ ਮੁਚੜਿਆ ਹੋਇਆ ਕਾਗਜ਼ ਦਾ ਟੁਕੜਾ ਕੱਢਿਆ, ਉਸ ਨੂੰ ਸਿੱਧਾ ਕੀਤਾ ਅਤੇ ਲਿਖਣਾ ਸ਼ੁਰੂ ਕੀਤਾ। ਪਹਿਲਾ ਅੱਖਰ ਲਿਖਣ ਤੋਂ ਪਹਿਲਾਂ ਉਸ ਨੇ ਕਈ ਵਾਰੀ ਖਿੜਕੀ ਅਤੇ ਦਰਵਾਜੇ ਵੱਲ ਡਰੀਆਂ ਹੋਈਆਂ ਨਜ਼ਰਾ ਨਾਲ਼ ਵੇਖਿਆ, ਗੂੜ੍ਹੇ ਰੰਗ ਦੀ ਇਕ ਦੇਵ-ਮੂਰਤੀ ਵੱਲ ਵੇਖਿਆ, ਜਿਸ ਦੇ ਦੋਨੇ ਪਾਸੇ ਜੁੱਤੀਆਂ ਬਣਾਉਣ ਵਾਲੇ ਫਰਮਿਆਂ ਨਾਲ਼ ਭਰੀਆਂ ਹੋਈਆਂ ਪੜਛੱਤੀਆਂ ਸਨ ਅਤੇ ਫਿਰ ਉਸ ਨੇ ਕੰਬਦੇ ਹੋਏ ਇੱਕ ਡੂੰਘਾ ਹਉਕਾ ਭਰਿਆ। ਕਾਗਜ ਮੇਜ਼ ਉੱਤੇ ਖੁਲ੍ਹਾ ਹੋਇਆ ਸੀ ਅਤੇ ਵਾਂਕਾ ਮੇਜ਼ ਦੇ ਕੋਲ ਫਰਸ਼ ਉੱਤੇ ਗੋਡਿਆ ਭਾਰ ਖੜ੍ਹਾ ਸੀ।

ਉਸ ਨੇ ਲਿਖਿਆ,"ਪਿਆਰੇ ਦਾਦਾ ਕੋਨਸਤਾਨਤੀਨ ਮਕਾਰਿਚ। ਮੈਂ ਤੁਹਾਨੂੰ ਚਿੱਠੀ ਲਿਖ ਰਿਹਾ ਹਾਂ। ਮੈਂ ਤੁਹਾਨੂੰ ਵੱਡੇ ਦਿਨ ਦਾ ਸਲਾਮ ਭੇਜਦਾ ਹਾਂ ਅਤੇ ਆਸ ਕਰਦਾ ਹਾਂ ਕਿ ਰੱਬ ਤੁਹਾਨੂੰ ਸੁਖੀ



www.punjabilibrary.com

ਰੱਖੇ। ਮੇਰੇ ਪਿਤਾ ਜੀ ਅਤੇ ਮਾਂ ਨਹੀਂ ਹਨ ਅਤੇ ਮੇਰੇ ਲਈ ਸਿਰਫ ਤੁਸੀਂ ਹੀ ਬਾਕੀ ਹੋ।"

ਵਾਂਕਾ ਨੇ ਸਿਰ ਉੱਪਰ ਚੁੱਕਿਆ ਅਤੇ ਖਿੜਕੀ ਦੇ ਹਨ੍ਹੇਰੇ ਸ਼ੀਸ਼ੇ ਵੱਲ ਵੇਖਿਆ, ਜਿਸ ਉੱਪਰ ਬਲਦੀ ਹੋਈ ਮੋਮਬੱਤੀ ਦਾ ਪਰਛਾਵਾ ਝਿਲਮਿਲ-ਝਿਲਮਿਲ ਕਰ ਰਿਹਾ ਸੀ; ਆਪਣੀ ਕਲਪਣਾ ਵਿੱਚ ਉਸ ਨੇ ਆਪਣੇ ਦਾਦਾ 'ਕੋਨਸਤਾਨਤਿਨ ਮਕਾਰਿਚ' ਨੂੰ ਸਾਫ਼-ਸਾਫ਼ ਵੇਖਿਆ, ਜੋ 'ਝਿਵਾਰੀਓਵ' ਨਾਂ ਦੇ ਕਿਸੇ ਅਮੀਰ ਆਦਮੀ ਦਾ ਰਾਤ ਦਾ ਚੌਂਕੀਦਾਰ ਸੀ। ਉਹ ਪਤਲਾ ਅਤੇ ਕਮਜ਼ੋਰ, ਛੋਟੇ ਕੱਦ ਦਾ ਪੈਂਹਠ ਕੁ ਸਾਲ ਦਾ ਬਜ਼ੁਰਗ ਸੀ, ਪਰ ਬਹੁਤ ਹੀ ਚੁਸਤ ਅਤੇ ਫੁਰਤੀਲਾ ਸੀ, ਉਸ ਦੇ ਮੂੰਹ ਉੱਤੇ ਹਮੇਸ਼ਾ ਇੱਕ ਮੁਸਕਰਾਹਟ ਛਾਈ ਰਹਿੰਦੀ ਅਤੇ ਉਸ ਦੀਆਂ ਅੱਖਾਂ ਸ਼ਰਾਬ ਦੇ ਨਸ਼ੇ ਵਿੱਚ ਚੁੰਧਿਆਈਆਂ ਰਹਿੰਦੀਆਂ। ਦਿਨ ਵੇਲੇ ਜਾਂ ਤਾਂ ਉਹ ਨੌਕਰਾਂ ਵਾਲੀ ਰਸੋਈ ਵਿੱਚ ਸੌਂਦਾ ਸੀ ਜਾਂ ਬੈਠਾ-ਬੈਠਾ ਰਸੋਈ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਮਖੌਲ ਕਰਦਾ ਰਹਿੰਦਾ, ਰਾਤ ਨੂੰ ਉਹ ਭੇਡ ਦੀ ਖੱਲ ਦੇ ਬਣੇ ਕੰਬਲ ਦੀ ਬੁੱਕਲ ਮਾਰੀ, ਸੋਟੀ ਨੂੰ ਜ਼ਮੀਨ ਉੱਪਰ ਖੜਕਾਉਂਦਾ ਹੋਇਆ, ਹਵੇਲੀ ਦੇ ਚਾਰੇ ਪਾਸੇ ਘੁੰਮਦਾ ਰਹਿੰਦਾ। ਉਸ ਦੇ ਮਗਰ-ਮਗਰ ਉਸ ਦੀ ਪਾਲ਼ੀ ਹੋਈ ਇੱਕ ਬੁੱਢੀ ਕੁੱਤੀ ਕਸ਼ਤਾਨਕਾ ਅਤੇ ਇੱਕ ਹੋਰ ਕੁੱਤਾ, ਜੋ ਕਾਲ਼ੇ ਵਾਲਾਂ ਅਤੇ ਨਿਓਲੇ ਵਰਗੇ ਲੰਬੂਤਰੇ ਸਰੀਰ ਕਾਰਨ 'ਵਿਊਨ' ਕਹਾਉਂਦਾ ਸੀ। ਉਹ ਸਿਰ ਥੱਲੇ ਵੱਲ ਸੁੱਟੀ ਉਸ ਦੇ ਮਗਰ-ਮਗਰ ਚਲਦੇ ਰਹਿੰਦੇ। 'ਵਿਊਨ' ਦੇ ਢੰਗ ਤਰੀਕੇ ਤੋਂ ਇਹ ਲੱਗਦਾ ਸੀ ਕਿ ਉਸ ਵਿੱਚ ਆਦਰ ਕਰਨ ਅਤੇ ਹਰ ਇੱਕ ਨਾਲ਼ ਜਾਣ-ਪਹਿਚਾਣ ਹਾਸਲ ਕਰਨ ਦੀ ਇੱਕ ਵਿਲੱਖਣ ਪ੍ਰਤਿਭਾ ਹੈ, ਉਹ ਜਾਣ-ਪਹਿਚਾਣ ਵਾਲੇ ਅਤੇ ਓਪਰਿਆਂ, ਹਰੇਕ, ਵੱਲ ਪਿਆਰ-ਭਰੀ ਨਜ਼ਰ ਨਾਲ਼ ਵੇਖਦਾ, ਪਰ ਫਿਰ ਵੀ ਉਸ ਉੱਤੇ ਭਰੋਸਾ ਕਰਨਾ ਬਹੁਤ ਮੁਸ਼ਕਿਲ ਸੀ। ਉਸ ਦਾ ਸਿੱਧਾਪਣ ਅਤੇ ਆਦਰ ਭਰਿਆ ਵਿਵਹਾਰ ਕੇਵਲ ਦੁਸ਼ਟਤਾ ਦੀਆਂ ਡੂੰਘੀਆਂ ਪ੍ਰਵਿਰਤੀਆਂ ਨੂੰ ਢਕਣ ਲਈ ਸਿਰਫ ਇਕ ਨਕਾਬ ਸੀ। ਉਹ ਅਚਾਨਕ ਦੌੜ ਕੇ ਲੱਤ ਵੱਢਣ, ਤਹਿਖਾਨੇ ਵਿੱਚ ਚੁੱਪ-ਚਾਪ ਵੜ ਜਾਣ ਜਾਂ ਕਿਸਾਨਾਂ ਦੀ ਕੁਕੜੀਆਂ ਝਪਟਣ ਵਿੱਚ ਉਹ ਉਸਤਾਦ ਸੀ। ਹਰ ਦਿਨ ਉਸ ਨੂੰ ਕੁੱਟ ਪੈਂਦੀ ਸੀ। ਦੋ ਵਾਰੀ ਤਾਂ ਉਸ ਨੂੰ ਰੱਸੀ ਨਾਲ ਬੰਨ੍ਹ ਕੇ ਪੁੱਠਾ ਟੰਗਿਆ ਜਾ ਚੁੱਕਾ ਸੀ, ਹਰ ਹਫ਼ਤੇ ਉਸ ਨੂੰ ਏਨੀ ਕੁੱਟ ਪੈਂਦੀ ਸੀ ਕਿ ਉਹ ਲੱਗਭਗ ਅਧਮੋਇਆ ਹੋ ਜਾਂਦਾ, ਪਰ ਇਸ ਸਭ ਦੇ ਬਾਵਜੂਦ ਉਹ ਜਿਉਂ ਦਾ ਤਿਉਂ ਸੀ।

ਬਾਬਾ ਸ਼ਾਇਦ ਇਸ ਵੇਲੇ ਫਾਟਕ ਉੱਤੇ ਖੜ੍ਹੇ ਪਿੰਡ ਦੇ ਗਿਰਜਾਘਰ ਦੀਆਂ ਖਿੜਕੀਆਂ ਵਿੱਚੋਂ ਦੀ ਆ ਰਹੀ ਤੇਜ਼ ਲਾਲ ਰੌਸ਼ਨੀ ਨਾਲ਼ ਚੁੰਧਿਆਉਂਦੀਆਂ ਹੋਈਆਂ ਅੱਖਾ ਨਾਲ਼ ਵੇਖ ਰਹੇ ਹੋਣਗੇ ਅਤੇ ਫੇਲਟ ਬੂਟ ਪਾ ਕੇ ਪੈਰ ਥਪਥਪਾਉਂਦ, ਨੌਕਰਾਂ-ਚਾਕਰਾਂ ਨਾਲ਼ ਮਖੌਲ ਕਰ ਰਹੇ ਹੋਣਗੇ। ਉਹ ਆਪਣੀਆਂ ਬਾਹਾਂ ਫੈਲਾਉਂਦੇ ਹੋਏ ਠੰਡ ਨਾਲ਼ ਕੁੰਗੜਦੇ ਹੋਣਗੇ ਅਤੇ ਰਸੋਈਘਰ ਵਿੱਚ ਕੰਮ ਕਰਨ ਵਾਲੀ ਔਰਤ ਜਾਂ ਕਿਸੇ ਨੌਕਰਾਣੀ ਨੂੰ ਮਖੌਲ ਕਰਦੇ ਹੋਏ ਬੁੱਢਿਆ ਵਾਂਗੂ ਹੀ-ਹੀ ਕਰਦੇ ਹੋਣਗੇ।

ਔਰਤਾਂ ਵੱਲ ਨਸ਼ਵਾਰ ਦੀ ਡੱਬੀ ਵਧਾਉਂਦੇ ਹੋਏ ਕਹਿਣਗੇ, "ਲਓ, ਇੱਕ ਚੁਟਕੀ ਸੰਘਣੀ



**www.punjabilibrary.com**

ਲਓ।"

ਔਰਤਾਂ ਸੁੰਘਣੀ ਨੱਕ ਵਿੱਚ ਪਾਣਗੀਆਂ ਅਤੇ ਛਿੱਕਾਂ ਮਾਰਨਗੀਆਂ। ਬਾਬਾ ਬਹੁਤ ਹੀ ਖੁਸ਼ ਹੋ ਕੇ ਖਿੱਲਾ ਉਡਾਉਂਦੇ ਹੋਏ ਠਹਾਕਾ ਮਾਰ ਕੇ ਹੱਸਣਗੇ ਅਤੇ ਚੀਕਣਗੇ।

"ਠੰਢ ਨਾਲ਼ ਜੰਮੇ ਨੱਕ ਲਈ ਤਾਂ ਇਹ ਅਕਸੀਰ ਹੈ!"

ਕੁੱਤਿਆ ਨੂੰ ਵੀ ਸੁੰਘਣੀ ਸੁੰਘਾਈ ਜਾਵੇਗੀ। ਕਸ਼ਤਾਨਕਾ ਛਿੱਕਾਂ ਮਾਰੂਗੀ, ਸਿਰ ਹਿਲਾਵੇਗੀ ਅਤੇ ਚੁੱਪਚਾਪ ਚਲੀ ਜਾਊਗੀ ਜਿਵੇਂ ਉਹ ਬੁਰਾ ਮੰਨ ਗਈ ਹੋਵੇ। ਪਰੰਤੂ 'ਵਿਊਨ' ਛਿੱਕਾਂ ਮਾਰਨ ਦੀ ਅਸੱਭਿਅਕ ਗੱਲ ਨਹੀਂ ਕਰੇਗਾ ਅਤੇ ਪੂਛ ਹਿਲਾਉਂਦਾ ਰਹੇਗਾ। ਮੌਸਮ ਬਹੁਤ ਹੀ ਸੁਹਾਵਣਾ ਹੋਵੇਗਾ। ਠਹਿਰੀ ਹੋਈ ਹਵਾ, ਪਾਰਦਰਸ਼ੀ ਅਤੇ ਤਾਜ਼ੀ। ਰਾਤ ਹਨ੍ਹੇਰੀ ਹੋਵੇਗੀ, ਪਰ ਸਫੇਦ ਛੱਤਾਂ, ਪਾਲੇ ਅਤੇ ਬਰਫ਼ ਨਾਲ਼ ਚਮਕਦੇ ਰੁੱਖਾਂ, ਚਿਮਨੀਆਂ ਵਿੱਚੋਂ ਨਿਕਲਦੇ ਧੂੰਏਂ ਵਾਲਾ ਸਾਰਾ ਪਿੰਡ ਬਿਲਕੁੱਲ ਸਾਫ ਤੇ ਸਪੱਸ਼ਟ ਵਿਖਾਈ ਦਿੰਦਾ ਹੋਵੇਗਾ। ਆਕਾਸ਼ ਵਿੱਚ ਖੁਸ਼ੀ ਨਾਲ਼ ਤਾਰੇ ਚਮਕਦੇ ਰਹੇ ਹੋਣਗੇ ਅਤੇ ਆਕਾਸ਼ ਗੰਗਾ ਬਿਲਕੁੱਲ ਸਾਫ ਨਜ਼ਰ ਆਉਦੀ ਹੋਵੇਗੀ। ਜਿਵੇਂ ਤਿਉਹਾਰ ਲਈ ਹੁਣੇ-ਹੁਣੇ ਸਜਾਈ ਗਈ ਹੋਵੇ ਅਤੇ ਬਰਫ਼ ਨਾਲ਼ ਰਗੜੀ ਗਈ ਹੋਵੇ...

ਵਾਂਕਾ ਨੇ ਇੱਕ ਡੂੰਘਾ ਹਉਕਾ ਭਰਿਆ, ਸਿਆਹੀ ਵਿੱਚ ਕਲਮ ਡੋਬੀ ਅਤੇ ਲਿਖਣਾ ਸ਼ੁਰੂ ਕੀਤਾ –

.... ਕੱਲ ਮੇਰੇ ਬਹੁਤ ਬੁਰੀ ਤਰ੍ਹਾਂ ਕੁੱਟ ਪਈ। ਮਾਲਕ ਮੈਨੂੰ ਵਾਲਾਂ ਤੋਂ ਫੜ੍ਹ ਕੇ ਘੜੀਸਦਾ ਹੋਇਆ ਬਾਹਰ ਵਿਹੜੇ ਵਿੱਚ ਲੈ ਆਇਆ ਅਤੇ ਮੇਰੀ ਬੈਲੱਟ ਲਾਹ ਕੇ ਮੇਰੀ ਚਮੜੀ ਉਧੇੜਨ ਲੱਗਾ, ਕਿਉਂਕਿ ਅਚਾਨਕ ਮੈਂ ਉਸ ਦੇ ਬੱਚੇ ਨੂੰ ਝੁਲਾਉਂਦੇ-ਝੁਲਾਉਂਦੇ ਸੌਂ ਗਿਆ ਸੀ ਅਤੇ ਪਿਛਲੇ ਹਫ਼ਤੇ ਇੱਕ ਦਿਨ ਮਾਲਕਣ ਨੇ ਮੈਨੂੰ ਹੈਰਿੰਗ ਮੱਛੀ ਸਾਫ ਕਰਨ ਲਈ ਕਿਹਾ, ਮੈਂ ਮੱਛੀ ਦੀ ਪੂਛ ਤੋਂ ਉਸ ਨੂੰ ਸਾਫ ਕਰਨਾ ਸ਼ੁਰੂ ਕੀਤਾ, ਤਾਂ ਮਾਲਕਣ ਨੇ ਮੱਛੀ ਖੋਹ ਲਈ ਅਤੇ ਉਸ ਦਾ ਸਿਰ ਮੇਰੇ ਮੂੰਹ ਨਾਲ਼ ਰਗੜ ਦਿੱਤਾ। ਦੂਸਰੇ ਨੌਕਰ ਮੇਰਾ ਮਜ਼ਾਕ ਉਡਾਉਂਦੇ ਹਨ। ਸ਼ਰਾਬਖਾਨੇ ਤੋਂ ਮੈਨੂੰ 'ਵੋਦਕਾ' ਲੈਣ ਲਈ ਭੇਜਦੇ ਹਨ ਅਤੇ ਮੈਨੂੰ ਮਾਲਕ ਦੇ ਖੀਰੇ ਚੋਰੀ ਕਰਨ ਲਈ ਮਜ਼ਬੂਰ ਕਰਦੇ ਹਨ ਅਤੇ ਮਾਲਕ ਜਿਹੜੀ ਵੀ ਚੀਜ਼ ਉਸ ਦੇ ਹੱਥ ਆਵੇ ਉਸੇ ਨਾਲ਼ ਮੈਨੂੰ ਮਾਰਨ-ਕੁੱਟਣ ਲੱਗਦੇ ਹਨ ਅਤੇ ਖਾਣ ਲਈ ਕੁੱਝ ਨਹੀਂ ਮਿਲਦਾ। ਸਵੇਰ ਵੇਲੇ ਰੋਟੀ ਦਾ ਟੁਕੜਾ ਦਿੰਦੇ ਹਨ, ਦੁਪਿਹਰ ਨੂੰ ਦਲੀਆ ਅਤੇ ਸ਼ਾਮ ਨੂੰ ਫਿਰ ਬੇਹੀ ਰੋਟੀ ਦਾ ਟੁਕੜਾ। ਮੈਨੂੰ ਚਾਹ, ਮਠਿਆਈ ਜਾਂ ਗੋਭੀ ਦੀ ਤਰੀ ਕਦੀ ਨਹੀਂ ਮਿਲਦੀ, ਇਹ ਚੀਜ਼ਾਂ ਤਾਂ ਉਹ ਸਾਰੀਆਂ ਦੀ ਸਾਰੀਆਂ ਖੁਦ ਹੀ ਖਾ ਜਾਂਦੇ ਹਨ। ਮੈਨੂੰ ਡਿਊੜੀ ਵਿੱਚ ਸੁਲਾਉਂਦੇ ਹਨ ਅਤੇ ਰਾਤ ਨੂੰ ਜਦ ਉਹਨਾਂ ਦਾ ਬੱਚਾ ਰੋਮ ਲੱਗਦਾ ਹੈ, ਤਾਂ ਮੈਨੂੰ ਉਸ ਨੂੰ ਝੂਟੇ ਦੇਣੇ ਪੈਂਦੇ ਹਨ ਅਤੇ ਮੈਂ ਖੁਦ ਬਿਲਕੁੱਲ ਸੌਂ ਨਹੀਂ ਸਕਦਾ। ਪਿਆਰੇ ਦਾਦਾ ਜੀ, ਰੱਬ ਦੇ ਵਾਸਤੇ ਮੈਨੂੰ ਇੱਥੋਂ ਲੈ ਜਾਵੋ, ਮੈਨੂੰ ਪਿੰਡ ਲੈ ਚੱਲੋ, ਮੈਥੋਂ ਇਹ ਜ਼ੁਲਮ ਹੁਣ ਹੋਰ



**www.punjabilibrary.com**

ਨਹੀਂ ਸਹਿ ਹੁੰਦਾ... ਮੇਰੇ ਦਾਦਾ ਜੀ, ਮੈਂ ਹੱਥ ਜੋੜਦਾ ਹਾਂ, ਪੈਰੀਂ ਪੈਂਦਾ ਹਾਂ, ਮੈਨੂੰ ਇਥੋਂ ਲੈ ਜਾਵੋ, ਨਹੀਂ ਤਾਂ ਮੈਂ ਮਰ ਜਾਵਾਂਗਾ। ਮੈਂ ਹਮੇਸ਼ਾ ਰੱਬ ਅੱਗੇ ਤੁਹਾਡੇ ਲਈ ਅਰਦਾਸ ਕਰਿਆ ਕਰੂੰਗਾ...

ਵਾਂਕਾ ਦੇ ਬੁੱਲ ਫਰਕੇ, ਕਾਲੀ ਮੁੱਠੀ ਨਾਲ਼ ਉਸ ਨੇ ਆਪਣੀਆਂ ਅੱਖਾਂ ਮਲ਼ੀਆਂ ਅਤੇ ਇੱਕ ਠੰਡਾ ਹਉਕਾ ਭਰਿਆ।

"ਮੈਂ ਤੁਹਾਡੀ ਸੁੰਘਣੀ ਪੀਸ ਦਿਆ ਕਰਾਂਗਾ", ਉਸ ਨੇ ਚਿੱਠੀ ਵਿੱਚ ਅੱਗੇ ਲਿਖਿਆ। "ਮੈਂ ਤੁਹਾਡੇ ਲਈ ਰੱਬ ਅੱਗੇ ਅਰਦਾਸ ਕਰਿਆ ਕਰਾਂਗਾ ਅਤੇ ਜੇਕਰ ਮੈਂ ਸ਼ਰਾਰਤ ਕਰਾਂ, ਤਾਂ ਜਿੰਨੇ ਤੁਸੀਂ ਚਾਹੋ ਉਨੇ ਬੈਂਤ ਮਾਰਨਾ ਅਤੇ ਜੇਕਰ ਤੁਸੀਂ ਸਮਝਦੇ ਹੋ ਕਿ ਮੇਰੇ ਲਈ ਉੱਥੇ ਕੋਈ ਕੰਮ ਨਹੀਂ ਹੈ, ਤਾਂ ਮੈਂ ਕਰਿੰਦੇ ਨੂੰ ਕਹਾਂਗਾ ਕਿ ਉਹ ਮੇਰੇ ਤੇ ਤਰਸ ਖਾ ਕੇ ਮੈਨੂੰ ਜੁੱਤੀਆਂ ਸਾਫ ਕਰਨ ਦਾ ਕੰਮ ਦੇ ਦੇਵੇ ਮੈਂ ਫੇਦਿਆ ਦੀ ਥਾਂ ਚਰਵਾਹੇ ਦਾ ਕੰਮ ਕਰ ਲਿਆ ਕਰੂੰਗਾ। ਪਿਆਰੇ ਦਾਦਾ ਜੀ, ਮੈਂ ਹੁਣ ਹੋਰ ਸਹਿਣ ਨਹੀਂ ਕਰ ਸਕਦਾ, ਮੇਰੀ ਜਾਨ ਨਿਕਲਦੀ ਜਾ ਰਹੀ ਹੈ। ਦਿਲ ਤਾਂ ਕੀਤਾ ਸੀ ਕਿ ਮੈਂ ਪੈਦਲ ਹੀ ਪਿੰਡ ਨੂੰ ਭੱਜ ਜਾਵਾਂ, ਮੇਰੇ ਕੋਲ ਬੂਟ ਨਹੀਂ ਹਨ ਅਤੇ ਮੈਨੂੰ ਠੰਡ ਤੋਂ ਬਹੁਤ ਡਰ ਲੱਗਦਾ ਹੈ ਅਤੇ ਜਦੋਂ ਮੈਂ ਵੱਡਾ ਹੋਊਂਗਾ, ਤਦ ਮੈਂ ਤੁਹਾਡੀ ਦੇਖਭਾਲ ਕਰਿਆ ਕਰੂੰਗਾ ਅਤੇ ਮੈਂ ਕਿਸੇ ਨੂੰ ਵੀ ਤੁਹਾਨੂੰ ਕੋਈ ਦੁੱਖ ਨਹੀਂ ਪਹੁੰਚਾਉਣ ਦਊਂਗਾ ਅਤੇ ਜਦੋਂ ਤੁਸੀਂ ਮਰ ਜਾਓਗੇ ਤਦ ਮੈਂ ਤੁਹਾਡੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਿਆ ਕਰੂੰਗਾ ਜਿਵੇਂ ਮੈਂ ਮਾਂ ਲਈ ਕਰਦਾ ਹਾਂ।

"ਅਤੇ ਮਾਸਕੋ ਏਨਾ ਵੱਡਾ ਸ਼ਹਿਰ ਹੈ। ਵੱਡੇ ਲੋਕਾਂ ਦੇ ਇੱਥੇ ਏਨੇ ਸਾਰੇ ਮਕਾਨ ਹਨ ਅਤੇ ਏਨੇ ਘੋੜੇ ਹਨ ਅਤੇ ਭੇਡਾਂ ਤਾਂ ਬਿਲਕੁੱਲ ਵੀ ਨਹੀਂ ਹਨ ਅਤੇ ਕੁੱਤੇ ਡਰਾਉਂਦੇ ਨਹੀਂ ਹਨ। ਵੱਡੇ ਦਿਨ ਤੇ ਲੜਦੇ ਸਿਤਾਰ ਲੈ ਕੇ ਘਰੋਂ ਬਾਹਰ ਨਹੀਂ ਨਿਕਲਦੇ ਅਤੇ ਗਿਰਜੇਘਰ ਵਿੱਚ ਉਹਨਾਂ ਨੂੰ ਗਾਣੇ ਗਾਉਣ ਨਹੀਂ ਜਾਣ ਦਿੰਦੇ। ਇੱਕ ਵਾਰੀ ਮੈਂ ਇੱਕ ਦੁਕਾਨ ਤੇ ਮੱਛੀਆਂ ਫੜਨ ਵਾਲੀਆਂ ਕੁੰਡੀਆਂ ਵਿਕਦੀਆਂ ਵੇਖੀਆਂ ਅਤੇ ਉੱਥੋਂ ਡੋਰੀ ਵਾਲੀ ਕੁੰਡੀ ਵੀ ਸੀ, ਜਿਹੋ ਜਿਹੀ ਮਰਜ਼ੀ ਮੱਛੀਆਂ ਫੜ੍ਹਨ ਵਾਲੀ ਕੁੰਡੀ ਅਤੇ ਉੱਥੇ ਇੱਕ ਬਹੁਤ ਵਧੀਆ ਕੁੰਡੀ ਸੀ, ਜਿਸ ਨਾਲ਼ ਅੱਧੇ-ਅੱਧੇ ਮਣ ਦੀਆਂ ਰੋਹੂ ਮੱਛੀਆਂ ਫੜੀਆਂ ਜਾ ਸਕਦੀਆਂ ਹਨ। ਮੈਂ ਉਹ ਦੁਕਾਨਾਂ ਵੀ ਵੇਖੀਆਂ ਹਨ, ਜਿੱਥੇ ਹਰ ਤਰ੍ਹਾਂ ਦੀਆਂ ਬੰਦੂਕਾਂ ਮਿਲਦੀਆਂ ਹਨ, ਬਿਲਕੁੱਲ ਉੱਦਾਂ ਦੀਆਂ ਹੀ ਜਿੱਦਾਂ ਦੀ ਘਰ ਵਿੱਚ ਮਾਲਕ ਕੋਲ ਹੈ। ਉਸ ਦੀ ਕੀਮਤ ਸੌ ਰੂਬਲ ਤਾਂ ਜ਼ਰੂਰ ਹਊਗੀ... ਅਤੇ ਬੁੱਚੜਾਂ ਦੀਆਂ ਦੁਕਾਨਾਂ ਉੱਤੇ ਤਿੱਤਰ, ਜੰਗਲੀ ਕੁਕੜੀਆਂ ਅਤੇ ਖਰਗੋਸ਼ ਮਿਲਦੇ ਹਨ, ਪਰ ਉਹ ਲੋਕ ਇਹ ਗੱਲ ਬਿਲਕੁੱਲ ਨਹੀਂ ਦੱਸਦੇ ਕਿ ਉਹ ਇਹਨਾਂ ਨੂੰ ਕਿਥੋਂ ਮਾਰ ਕੇ ਲਿਆਉਂਦੇ ਹਨ।

"ਪਿਆਰੇ ਦਾਦਾ ਜੀ, ਉੱਥੇ ਹਵੇਲੀ ਵਿੱਚ, ਜਦੋਂ ਵੱਡੇ ਦਿਨ ਦਾ ਫਰ ਦਾ ਰੁੱਖ ਸਜਾਵਾਂਗੇ, ਤਾਂ ਓਦੋਂ ਤੁਸੀਂ ਉਹਦੇ ਵਿੱਚੋਂ ਮੇਰੇ ਲਈ ਇੱਕ ਪੰਨੀਵਾਲਾ ਅਖਰੋਟ ਕੱਢ ਲਿਓ ਅਤੇ ਉਸ ਨੂੰ ਹਰੀ ਸੰਦੂਕੜੀ ਵਿੱਚ ਰੱਖ ਦਿਓ। ਛੋਟੀ ਮਾਲਕਣ ਓਲਗਾ ਇਗਨਾਤਯੇਵਨਾ ਤੋਂ ਮੰਗ ਲੈਣਾ, ਉਹਨੂੰ ਕਹਿ ਦਿਓ ਕਿ



www.punjabilibrary.com

ਇਹ ਵਾਂਕਾ ਲਈ ਹੈ।

ਵਾਂਕਾ ਨੇ ਇੱਕ ਡੂੰਘਾ ਹਉਕਾ ਲਿਆ ਅਤੇ ਫਿਰ ਖਿੜਕੀ ਦੇ ਸ਼ੀਸ਼ੇ ਵੱਲ ਵੇਖਣ ਲੱਗਾ। ਉਸ ਨੂੰ ਯਾਦ ਆਇਆ, ਬਾਬਾ ਮਾਲਿਕਾਂ ਲਈ ਫਰ ਦਾ ਰੁੱਖ ਲੈਣ ਜੰਗਲ ਵਿੱਚ ਜਾਂਦੇ ਹੁੰਦੇ ਸਨ ਅਤੇ ਉਸ ਨੂੰ ਆਪਣੇ ਨਾਲ ਲੈ ਜਾਂਦੇ ਸਨ। ਉਹ ਦਿਨ ਵੀ ਕਿੰਨੇ ਸੁਖੀ ਦਿਨ ਸਨ। ਫਰ ਦਾ ਰੁੱਖ ਵੱਢਣ ਤੋਂ ਪਹਿਲਾਂ ਦਾਦਾ ਜੀ ਪਾਈਪ ਸੁਲਗਾਉਂਦੇ ਸਨ, ਇੱਕ ਕਸ਼ ਲਗਾਉਂਦੇ ਅਤੇ ਠੰਡ ਨਾਲ ਕੰਬਦੇ ਵਾਂਕਾ ਉਪਰ ਹੱਸਦੇ... ਫਰ ਦੇ ਰੁੱਖ ਬਰਫ ਨਾਲ ਢਕੇ, ਬੇਜਾਨ ਬੁੱਤਾਂ ਵਾਂਗੂ ਖੜ੍ਹੇ ਇਹ ਇੰਤਜ਼ਾਰ ਕਰਦੇ ਕਿ ਉਹਨਾਂ ਵਿੱਚੋਂ ਕੌਣ ਮਰੂਗਾ ? ਅਤੇ ਇਕ ਦਮ ਬਰਫ ਦੇ ਢੇਰਾਂ ਉਪਰ ਉਛਲਦਾ ਹੋਇਆ ਕੋਈ ਖਰਗੋਸ਼ ਇਕਦਮ ਤੀਰ ਵਾਂਗੂੰ ਨਿਕਲ ਜਾਂਦਾ। ਦਾਦਾ ਜੀ ਰੌਲਾ ਪਾਉਣਾ ਨਾ ਭੁੱਲਦੇ —

"ਫੜ ਲਓ, ਜਾਣ ਨਾ ਦਿਓ... ਓਏ ਵੱਢੀ ਪੂਛ ਵਾਲੇ ਸ਼ੈਤਾਨ!"

ਦਾਦਾ ਜੀ ਰੁੱਖ ਨੂੰ ਘੜੀਸਦੇ ਹੋਏ ਹਵੇਲੀ ਵਿੱਚ ਲੈ ਜਾਂਦੇ ਅਤੇ ਉੱਥੇ ਲਿਜਾ ਕੇ ਰੁੱਖ ਨੂੰ ਸਜਾਉਣਾ ਸ਼ੁਰੂ ਕਰ ਦਿੰਦੇ.... ਵਾਂਕਾ ਦੀ ਪਿਆਰੀ ਜਿਹੀ ਛੋਟੀ ਮਾਲਕਣ ਓਲਗਾ ਇਗਨਾਤਯੇਵਨਾ ਸਭ ਤੋਂ ਵੱਧ ਰੁਝੀ ਰਹਿੰਦੀ ਜਦੋਂ ਤੱਕ ਵਾਂਕਾ ਦੀ ਮਾਂ ਪੇਲਾਗੇਯਾ ਜਿਉਂਦੀ ਸੀ ਅਤੇ ਹਵੇਲੀ ਵਿੱਚ ਨੌਕਰੀ ਕਰਦੀ ਸੀ, ਓਲਗਾ ਇਗਨਾਤਯੇਵਨਾ ਵਾਂਕਾ ਨੂੰ ਮਠਿਆਈਆਂ ਦਿੰਦੀ ਸੀ। ਆਪਣੇ ਮਨ-ਪ੍ਰਚਾਵੇ ਲਈ ਉਸ ਨੇ ਵਾਂਕਾ ਨੂੰ ਕੁੱਝ ਪੜ੍ਹਨਾ ਲਿਖਣਾ ਅਤੇ ਸੌ ਤੱਕ ਗਿਣਤੀ ਕਰਨਾ ਅਤੇ 'ਕਵੇਡ੍ਰਿਲ' ਨਾਚ ਨੱਚਨਾ ਵੀ ਸਿਖਾਇਆ ਸੀ। ਪਰ ਜਦੋਂ ਪੇਲਾਗੇਯਾ ਮਰ ਗਈ, ਤਾਂ ਅਨਾਥ ਵਾਂਕਾ ਫਿਰ ਆਪਣੇ ਦਾਦਾ ਜੀ ਕੋਲ ਨੌਕਰਾਂ ਦੇ ਰਸੋਈਘਰ ਅਤੇ ਫਿਰ ਉੱਥੋਂ ਮੋਚੀ ਅਲਯਾਖਿਨ ਕੋਲ ਮਾਸਕੋ ਭੇਜ ਦਿੱਤਾ ਗਿਆ ਸੀ....





www.punjabilibrary.com

ਵਾਂਕਾ ਨੇ ਅੱਗੇ ਲਿਖਿਆ—

"ਪਿਆਰੇ ਦਾਦਾ ਜੀ, ਮੇਰੇ ਕੋਲ ਆ ਜਾਓ, ਈਸਾ ਮਸੀਹ ਦੇ ਨਾਮ 'ਤੇ ਮੈਨੂੰ ਇੱਥੋਂ ਲੈ ਜਾਵੋ। ਮੇਰੇ ਵਰਗੇ ਬਦਕਿਸਮਤ ਅਨਾਥ ਉੱਪਰ ਰਹਿਮ ਕਰੋ। ਇਹ ਲੋਕ ਹਮੇਸ਼ਾ ਮੈਨੂੰ ਕੁੱਟਦੇ ਰਹਿੰਦੇ ਹਨ ਅਤੇ ਮੈਂ ਕਈ-ਕਈ ਦਿੰਨ ਭੁੱਖਾ ਰਹਿੰਦਾ ਹਾਂ ਅਤੇ ਏਨਾ ਦੁਖੀ ਹਾਂ ਕਿ ਤੁਹਾਨੂੰ ਦੱਸ ਨਹੀਂ ਸਕਦਾ, ਮੈਂ ਰੋਜ਼ ਰੋਂਦਾ ਰਹਿੰਦਾ ਹਾਂ। ਹਾਲੇ ਪਿਛਲੇ ਦਿਨੀਂ ਮਾਲਕ ਨੇ ਮੇਰੇ ਸਿਰ ਵਿੱਚ ਫਰਮਾ ਏਨੀ ਜ਼ੋਰ ਨਾਲ ਮਾਰਿਆ ਕਿ ਮੈਂ ਪਿੱਛੇ ਵੱਲ ਡਿੱਗ ਪਿਆ ਅਤੇ ਮੈਨੂੰ ਇੰਝ ਲੱਗਾ ਕਿ ਮੈਂ ਹੁਣ ਦੁਬਾਰਾ ਕਦੀ ਉੱਠ ਨਹੀਂ ਸਕਾਂਗਾ। ਮੇਰੀ ਜ਼ਿੰਦਗੀ ਕੁੱਤਿਆ ਨਾਲੋਂ ਵੀ ਬੁਰੀ ਹੈ... ਅਤੇ ਅਲਯੋਨਾ, ਕਾਨੇ ਯੇਗੋਰ ਅਤੇ ਕੋਚਵਾਨ ਨੂੰ ਮੇਰਾ ਸਲਾਮ ਭੇਜਣਾ ਅਤੇ ਮੇਰਾ ਵਾਜਾ ਕਿਸੇ ਨੂੰ ਵੀ ਨਾ ਦੇਣਾ। ਮੈਂ ਤਾਂ ਤੁਹਾਡਾ ਪੋਤਾ ਵਾਂਕਾ ਝੂਕੋਵ। ਪਿਆਰੇ ਦਾਦਾ ਜੀ ਆ ਜਾਓ।"

ਵਾਂਕਾ ਨੇ ਕਾਗਜ਼ ਨੂੰ ਚਾਰ ਤੈਹਾਂ ਵਿੱਚ ਮੋੜਿਆ ਅਤੇ ਉਸ ਨੂੰ ਇੱਕ ਲਿਫਾਫੇ ਵਿੱਚ ਬੰਦ ਕਰ ਦਿੱਤਾ, ਜਿਹੜਾ ਕਿ ਉਹ ਇੱਕ ਦਿਨ ਪਹਿਲਾ ਇੱਕ ਕੋਪੇਕ ਦਾ ਖਰੀਦ ਲਿਆਇਆ ਸੀ.... ਫਿਰ ਉਹ ਕੁੱਝ ਰੁਕ ਕੇ ਸੋਚਣ ਲੱਗਾ, ਫਿਰ ਦਵਾਤ ਵਿੱਚ ਕਲਮ ਡੋਬੀ ਅਤੇ ਲਿਖਿਆ, "ਪਿੰਡ ਵਿੱਚ, ਦਾਦਾ ਜੀ ਨੂੰ ਮਿਲੇ, ਫਿਰ ਸੋਚਿਆ, ਆਪਣਾ ਸਿਰ ਖੁਰਕਿਆ ਅਤੇ ਕੁੱਝ ਹੋਰ ਸ਼ਬਦ ਜੋੜੇ, "ਕੋਨਸਤਾਨਤਿਨ ਮਕਾਰਿਚ ਨੂੰ ਮਿਲੇ।" ਇਸ ਗੱਲ ਉੱਪਰ ਖੁਸ਼ ਹੁੰਦੇ ਹੋਏ ਕਿ ਲਿਖਣ ਵਿੱਚ ਉਸ ਨੂੰ ਕਿਸੇ ਨੇ ਕੋਈ ਰੋਕਿਆ ਟੋਕਿਆ ਨਹੀਂ ਸੀ, ਉਸ ਨੇ ਆਪਣੇ ਸਿਰ ਤੇ ਟੋਪੀ ਲਈ ਅਤੇ ਕਮੀਜ਼ ਉੱਪਰੋਂ ਦੀ ਬਿਨਾਂ ਕੋਟ ਪਹਿਨੇ ਹੀ ਗਲੀ ਵਿੱਚ ਵੱਲ ਦੌੜ ਗਿਆ....

ਇੱਕ ਦਿਨ ਪਹਿਲਾ ਕਸਾਈ ਦੀ ਦੁਕਾਨ 'ਤੇ ਖੜ੍ਹੇ ਕੁੱਝ ਲੋਕਾਂ ਨੇ ਉਸ ਨੂੰ ਦੱਸਿਆ ਸੀ ਕਿ ਚਿੱਠੀਆਂ ਡਾਕ ਵਾਲੇ ਡੱਬੇ ਵਿੱਚ ਪਾਈਆਂ ਜਾਂਦੀਆਂ ਹਨ ਅਤੇ ਫਿਰ ਡੱਬਿਆ ਵਿੱਚੋਂ ਇਹ ਚਿੱਠੀਆਂ ਉਹਨਾਂ ਡਾਕ ਵਾਲੀਆਂ ਗੱਡੀਆਂ ਰਾਹੀਂ ਸਾਰੀ ਦੁਨੀਆਂ ਵਿੱਚ ਭੇਜੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਤਿੰਨ-ਤਿੰਨ ਘੋੜੇ ਖਿੱਚਦੇ ਹਨ, ਕੋਚਵਾਨ ਸ਼ਰਾਬੀ ਹੁੰਦੇ ਹਨ ਅਤੇ ਉਹਨਾਂ ਵਿੱਚ ਘੰਟੀਆਂ ਵੱਜਦੀਆਂ ਹਨ। ਵਾਂਕਾ ਨੇੜੇ ਦੇ ਇੱਕ ਡੱਬੇ ਕੋਲ ਦੌੜ ਕੇ ਪਹੁੰਚਿਆ ਅਤੇ ਆਪਣੀ ਅਮੁੱਲਵਾਨ ਚਿੱਠੀ ਉਸ ਡੱਬੇ ਵਿੱਚ ਪਾ ਦਿੱਤੀ...

ਇੱਕ ਘੰਟੇ ਬਾਅਦ ਸੁਨਿਹਰੀ ਆਸਾਂ ਦੀਆਂ ਲੋਰੀਆਂ ਨੇ ਉਸ ਨੂੰ ਇੱਕ ਡੂੰਘੀ ਨੀਂਦ ਵਿੱਚ ਸੁਲਾ ਦਿੱਤਾ... ਉਸ ਨੇ ਇੱਕ ਭੱਠੀ... ਦਾ ਸੁਪਨਾ ਵੇਖਿਆ, ਭੱਠੀ... ਦੇ ਉੱਪਰ ਦਾਦਾ ਜੀ ਬੈਠੇ ਸਨ, ਉਹਨਾਂ ਨੰਗੇ ਪੈਰ ਲਮਕ ਰਹੇ ਸਨ, ਉਹ ਰਸੋਈਘਰ ਵਿੱਚ ਕੰਮ ਕਰਨ ਵਾਲੇ ਲੋਕਾਂ ਨੂੰ ਚਿੱਠੀ ਪੜ੍ਹ ਕੇ ਸੁਣਾ ਰਹੇ ਸਨ... ਵਿਊਨ ਭੱਠੀ... ਦੇ ਸਾਹਮਣੇ ਅੱਗੇ-ਪਿੱਛੇ ਪੂਛ ਹਿਲਾਉਂਦਾ ਹੋਇਆ ਟਹਿਲ ਰਿਹਾ ਸੀ...

—(1886)



www.punjabilibrary.com



**Read more like this at**

**www.punjabilibrary.com**


**ਅਨੁਰਾਗ ਟਰੱਸਟ**

**ਲਖਨਊ**

ਕੀਮਤ – 15.00 ਰੁ.